**ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.), ਪੰਜਾਬ, ਐਸ.ਏ.ਐਸ. ਨਗਰ**
**ਪੀ.ਐਸ.ਈ.ਬੀ. ਕੰਪਲੈਕਸ, ਫੇਜ਼-8, ਐਸ.ਏ.ਐਸ. ਨਗਰ**
**(ਦਫਤਰੀ ਅਮਲਾ ਸ਼ਾਖਾ)**

ਸੇਵਾ ਵਿਖੇ

ਪੰਜਾਬ ਰਾਜ ਦੇ ਸਮੂਹ

1. ਜਿਲ੍ਹਾ ਸਿੱਖਿਆ ਅਫਸਰ (ਸੈ.ਸਿ./ਐ.ਸਿ.)
2. ਸਮੂਹ ਬੀ.ਪੀ.ਈ.ਓ. ਦਫਤਰ
3. ਸਮੂਹ ਸਰਕਾਰੀ ਕਾਲਜਾਂ ਦੇ ਪ੍ਰਿੰਸੀਪਲ
4. ਸਮੂਹ ਪ੍ਰਿੰਸੀਪਲ ਡਾਇਟ।

ਮੀਮੋ ਨੰ.: **ਈ-257546** / DPISE-MEOESTB/64/2021-**ਦਅ(2)/** 2022132352

ਮਿਤੀ: 01.06.2022

ਵਿਸ਼ਾ:- ਸਿੱਖਿਆ ਵਿਭਾਗ ਵਿੱਚ ਤਰਸ ਦੇ ਆਧਾਰ ਤੇ ਨਿਯੁਕਤ ਹੋਏ ਕਲਰਕਾਂ ਦਾ ਟਾਈਪ ਟੈਸਟ ਲੈਣ ਸਬੰਧੀ।

ਪੰਜਾਬ ਸਿੱਖਿਆ ਵਿਭਾਗ ਦੇ ਖੇਤਰੀ ਦਫਤਰਾਂ/ਸੰਸਥਾਵਾਂ ਵਿੱਚ ਸਰਕਾਰ ਦੀਆਂ ਹਦਾਇਤਾਂ/ਨਿਯਮਾਂ ਅਨੁਸਾਰ ਤਰਸ ਦੇ ਆਧਾਰ ਤੇ ਹੁਣ ਤੱਕ ਨਿਯੁਕਤ ਹੋਏ ਕਲਰਕਾਂ ਦਾ ਪੰਜਾਬੀ ਅਤੇ ਅੰਗਰੇਜ਼ੀ ਟਾਈਪ ਟੈਸਟ ਲਿਆ ਜਾਣਾ ਹੈ। **ਇਹ ਟਾਈਪ ਟੈਸਟ ਮਿਤੀ 01.07.2022 ਨੂੰ ਡਾਇਰੈਕਟਰ, ਭਾਸ਼ਾ ਵਿਭਾਗ, ਭਾਸ਼ਾ ਭਵਨ, ਸ਼ੇਰਾਂ ਵਾਲਾ ਗੇਟ, ਪਟਿਆਲਾ ਵਿਖੇ ਲਿਆ ਜਾਵੇਗਾ।** ਆਪ ਦੇ ਅਧੀਨ ਦਫਤਰਾਂ/ਸੰਸਥਾਵਾਂ ਵਿੱਚ ਤਰਸ ਦੇ ਆਧਾਰ ਤੇ ਨਿਯੁਕਤ ਹੋਏ ਕਲਰਕ ਜਿਨ੍ਹਾਂ ਨੇ ਹੁਣ ਤੱਕ ਟਾਈਪ ਟੈਸਟ ਪਾਸ ਨਹੀਂ ਕੀਤਾ ਹੈ ਦੇ ਨਾਮ ਅਤੇ ਹੋਰ ਵੇਰਵੇ ਵਿਭਾਗ ਦੇ **e-punjab school staff login.in ਤੇ ਮਿਤੀ 01.06.2022 ਤੋਂ 10.06.2022** ਤੱਕ ਦਰਜ ਕਰਵਾਉਣੇ ਯਕੀਨੀ ਬਣਾਏ ਜਾਣ।

**2.0** ਇੱਥੇ ਇਹ ਵਿਸ਼ੇਸ਼ ਤੌਰ ਤੇ ਦੱਸਿਆ ਜਾਂਦਾ ਹੈ ਕਿ ਪ੍ਰਸੋਨਲ ਵਿਭਾਗ, ਪੰਜਾਬ ਦੇ ਪੱਤਰ ਨੰ: PERS-PP-2OPLCY/20-3PP2/67 ਮਿਤੀ 25-3-2021 ਵਿੱਚ ਦਰਜ਼ ਉਪਬੰਧਾਂ ਅਨੁਸਾਰ ਜੇਕਰ ਕਰਮਚਾਰੀ ਵੱਲੋਂ ਹਾਜ਼ਰ ਹੋਣ ਉਪਰੰਤ 1 ਸਾਲ ਦੇ ਅੰਦਰ ਅੰਦਰ ਟਾਈਪ ਟੈਸਟ ਪਾਸ ਨਹੀਂ ਕੀਤਾ ਜਾਂਦਾ ਤਾਂ ਉਸ ਨੂੰ ਦਰਜਾ-4 ਦੀ ਅਸਾਮੀ ਆਫਰ ਕੀਤੀ ਜਾਵੇਗੀ। ਪਰਖ ਕਾਲ ਸਮਾਂ ਟਾਈਪਿੰਗ ਟੈਸਟ ਪਾਸ ਕਰਨ ਉਪਰੰਤ ਹੀ ਕਲੀਅਰ ਕੀਤਾ ਜਾਵੇਗਾ। ਇਸ ਲਈ ਇਹ ਯਕੀਨੀ ਬਣਾਇਆ ਜਾਵੇ ਕਿ ਆਪ ਦੇ ਅਧੀਨ ਤਰਸ ਦੇ ਅਧਾਰ ਤੇ ਨਿਯੁਕਤ ਸਮੂਹ ਕਰਮਚਾਰੀਆਂ ਜਿਨ੍ਹਾਂ ਵੱਲੋਂ ਅਜੇ ਤੱਕ ਟਾਈਪ ਟੈਸਟ ਪਾਸ ਨਹੀਂ ਕੀਤਾ ਹੈ, ਨੂੰ ਇਹ ਪੱਤਰ ਨੋਟ ਕਰਵਾਇਆ ਜਾਵੇ। ਜੇਕਰ ਨੋਟ ਕਰਵਾਉਣ ਉਪਰੰਤ ਵੀ ਕੋਈ ਕਰਮਚਾਰੀ ਟਾਈਪ ਟੈਸਟ ਪਾਸ ਨਹੀਂ ਕਰਦਾ ਤਾਂ ਹਦਾਇਤਾਂ ਮਿਤੀ 25-3-2021 ਅਨੁਸਾਰ ਉਸ ਦਾ ਕੇਸ ਵਿਚਾਰਿਆ ਜਾਵੇਗਾ।

**3.0** ਪੋਰਟਲ ਤੇ ਡਾਟਾ ਦਰਜ ਹੋਣ ਉਪਰੰਤ ਇਹ ਸਰਟੀਫਿਕੇਟ ਦਿੱਤਾ ਜਾਵੇ ਕਿ ਅਜਿਹੇ ਕਿਸੇ ਕਰਮਚਾਰੀ ਦਾ ਡਾਟਾ ਦਰਜ ਹੋਣ ਤੋਂ ਨਹੀਂ ਰਹਿੰਦਾਂ, ਜਿਸ ਦੀ ਨਿਯੁਕਤੀ ਤਰਸ ਦੇ ਅਧਾਰ ਤੇ ਹੋਈ ਹੈ ।

**4.0** ਇਹ ਵੀ ਸਪਸ਼ਟ ਕੀਤਾ ਜਾਵੇ, ਕਿ ਕਰਮਚਾਰੀ ਵੱਲੋਂ ਪੰਜਾਬੀ ਜਾਂ ਅੰਗਰੇਜ਼ੀ ਦਾ ਟਾਈਪ ਟੈਸਟ ਦੇਣਾ ਹੈ ਜਾਂ ਦੋਵੇਂ ਹੀ ਟਾਈਪ ਟੈਸਟ ਦੇਣੇ ਹਨ। ਇਸ ਸਬੰਧੀ ਆਪਣੇ ਅਧੀਨ ਕੰਮ ਕਰਦੇ ਸਮੂਹ ਕਲਰਕਾਂ ਨੂੰ ਤੁਰੰਤ ਨੋਟ ਕਰਵਾ ਦਿੱਤਾ ਜਾਵੇ।

ਨੋਟ:-
1. **ਪੰਜਾਬੀ ਟਾਈਪ ਟੈਸਟ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਰਾਵੀ ਫੌਂਟ ਵਿੱਚ ਲਿਆ ਜਾਵੇਗਾ।**
2.. **ਕਰਮਚਾਰੀ ਆਪਣੇ ਨਿਯੁਕਤੀ ਪੱਤਰ ਦੀ ਕਾਪੀ ਅਤੇ ਆਨ ਲਾਈਨ ਅਪਲਾਈ ਕੀਤੇ ਪ੍ਰਫਾਰਮੇ ਦੀ ਕਾਪੀ ਤਸਦੀਕ ਸ਼ੁਦਾ ਫੋਟੋ ਸਮੇਤ ਟਾਈਪ ਟੈਸਟ ਵਾਲੇ ਦਿਨ ਲੈ ਕੇ ਆਉਣਗੇ।**
3.. **ਟਾਈਪ ਟੈਸਟ ਦੇਣ ਲਈ ਹਾਜ਼ਰ ਹੋਣ ਵਾਲੇ ਕਰਮਚਾਰੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਕੋਵਿਡ-19 ਸਬੰਧੀ ਸਰਕਾਰ ਵੱਲੋਂ ਸਮੇਂ ਸਮੇਂ ਜਾਰੀ ਕੀਤੀਆਂ ਗਈਆਂ ਗਾਈਡਲਾਈਨਜ਼ ਦੀ ਇੰਨ ਬਿੰਨ ਪਾਲਣਾ ਕਰਨਾ ਯਕੀਨੀ ਬਣਾਉਣਗੇ।**

01/6/22

**ਸੁਪਰਡੰਟ ਦਫ਼ਤਰੀ ਅਮਲਾ**

ਪਿੱਠ ਅੰਕਣ ਨੰ. – ਉਕਤ/ ਮਿਤੀ:- 01.06.2022

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਡਾਇਰੈਕਟਰ, ਭਾਸ਼ਾ ਵਿਭਾਗ, ਭਾਸ਼ਾ ਭਵਨ, ਸ਼ੇਰਾਂ ਵਾਲਾ ਗੇਟ, ਪਟਿਆਲਾ।
2. ਮੈਨੇਜਰ, ਐਮ.ਆਈ.ਐਸ. ਵਿੰਗ, ਦਫਤਰ ਡੀ.ਜੀ.ਐਸ.ਈ, ਪੰਜਾਬ।

**ਸੁਪਰਡੰਟ ਦਫਤਰੀ ਅਮਲਾ**